ਪੰਜਾਬ ਸਰਕਾਰ
ਮਾਲ ਤੇ ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ
(ਡੀ.ਐਮ.3 ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ ਡਿਪਟੀ ਕਮਿਸਨਰ,

ਮੀਮੋ ਨੰ: 1/2/2007-2 ਡੀ.ਐਮ.3/ 1975
ਚੰਡੀਗੜ੍ਹ, ਮਿਤੀ: 5-3-09

ਵਿਸ:- 1984 ਦੇ ਦੰਗਾ ਪੀੜਤਾਂ ਦੇ ਨਵੇਂ ਲਾਲ ਸ਼ਨਾਖਤੀ ਕਾਰਡ ਬਣਾਉਣ ਲਈ ਸਪਸ਼ਟੀਕਰਨ ਦੇਣ ਬਾਰੇ ।

ਹਵਾਲਾ:- ਇਸ ਵਿਭਾਗ ਦਾ ਮੀਮੋ ਨੰ.1(4)85-RR Cell/15359, ਮਿਤੀ 13.12.1985 .

ਹਵਾਲਾ ਅਧੀਨ ਪੱਤਰ ਵਿੱਚ ਦਰਜ ਹਦਾਇਤਾਂ ਅਨੁਸਾਰ ਲਾਲ ਸ਼ਨਾਖਤੀ ਕਾਰਡ ਬਨਵਾਉਣ ਲਈ ਸਿੱਖ ਪ੍ਰਵਾਸੀ ਪਰਿਵਾਰ ਨੇ ਜੋ ਹਲਫੀਆ ਬਿਆਨ ਅਰਜੀ ਨਾਲ ਲਗਾਉਣਾ ਹੁੰਦਾ ਹੈ, ਉਸ ਦੇ ਲੜੀ ਨੰ.1 ਤੇ ਪਰਿਵਾਰ ਦੇ ਮੁੱਖੀ ਦਾ ਨਾਂ ਅਤੇ ਲੜੀ ਨੰ.3 ਤੇ ਪਰਿਵਾਰ ਦੇ ਮੈਬਰਾਂ ਦੇ ਵੇਰਵੇ ਦਰਜ ਕੀਤੇ ਜਾਣੇ ਹੁੰਦੇ ਹਨ ।

2. ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਸ ਕੇਸ ਵਿੱਚ ਪਰਿਵਾਰ ਦੇ ਮੁੱਖੀ ਦਾ ਲਾਲ ਸ਼ਨਾਖਤੀ ਕਾਰਡ ਬਨਵਾਉਣ ਦੀ ਅਰਜੀ ਦੇਣ ਉਪਰੰਤ ਮੌਤ ਹੋ ਗਈ ਹੋਵੇ, ਉਸ ਕੇਸ ਵਿੱਚ ਪਰਿਵਾਰ ਦੇ ਮੁੱਖੀ ਦਾ ਨਾਮ ਪਰਿਵਾਰ ਦੇ ਮੈਬਰਾਂ ਵਿੱਚੋ ਕੱਟ ਕੇ ਬਾਕੀ ਮੈਬਰਾਂ ਵਿੱਚੋ ਮ੍ਰਿਤਕ ਤੋਂ ਤੁੰਰਤ ਬਾਅਦ ਦਰਜ ਮੈਂਬਰ ਨੂੰ ਲਾਲ ਸ਼ਨਾਖਤੀ ਕਾਰਡ ਜਾਰੀ ਕਰ ਦਿੱਤਾ ਜਾਵੇ ।

3. ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਬੰਧਤ ਕੇਸਾਂ ਵਿੱਚ ਉਪਰੋਕਤ ਅਨੁਸਾਰ ਕਾਰਵਾਈ ਕੀਤੀ ਜਾਵੇ ।

ਗੁਰਿੰਦਰ ਦੇਵੀ
ਅਧੀਨ ਸਕੱਤਰ ਮਾਲ

ਪਿੱਠ ਅੰਕਣ ਨੰ: 1/2/2007-2 ਡੀ.ਐਮ.3/ ਚੰਡੀਗੜ੍ਹ, ਮਿਤੀ:

ਇੱਕ ਇੱਕ ਉਤਾਰਾ ਮੰਡਲ ਕਮਿਸ਼ਨਰ, ਪਟਿਆਲਾ/ਜਲੰਧਰ/ਫਿਰੋਜਪੁਰ/ਫਰੀਦਕੋਟ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾਂ ਹੈ ।

ਅਧੀਨ ਸਕੱਤਰ ਮਾਲ

ਪਿੱਠ ਅੰਕਣ ਨੰ: 1/2/2007-2 ਡੀ.ਐਮ.3/ ਚੰਡੀਗੜ੍ਹ, ਮਿਤੀ:

ਇਸ ਦਾ ਇੱਕ ਉਤਾਰਾ ਸ਼੍ਰੀ ਸੁਰਜੀਤ ਸਿੰਘ, ਪ੍ਰਧਾਨ, ਦੰਗਾ ਪੀੜਤ ਵੈਲਫੇਅਰ ਸੁਸਾਇਟੀ(ਪੰਜਾਬ) ਰਜਿਸਟਰਡ, ਹੈਡ ਆਫਿਸ-363-ਐਮ.ਆਈ.ਜੀ.ਹਾਊਸਿੰਗ ਬੋਰਡ ਕਲੌਨੀ, ਦੁਗਰੀ ਰੋਡ, ਲੁਧਿਆਣਾ ਨੂੰ ਉਨਾਂ ਦੀ ਪ੍ਰਤੀਬੇਨਤੀ ਮਿਤੀ 20.2.2009 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾਂ ਹੈ ।